# ਪੂਸਾ ਬਾਸਮਤੀ 1509 ਦੇ ਸ਼ੁਰੂਆਤੀ ਭਾਅ 2020 ਤੋਂ ਮਜ਼ਬੂਤ

## ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੋਂ ਲੰਮੇ ਦਾਣੇ ਵਾਲੇ ਚੌਲਾਂ ਦੀ ਕਿਸਮ ਦੀ ਆਮਦ ਦੀ ਖ਼ਬਰ

ਅਗੇਤੀ ਪੱਕਣ ਵਾਲੀ ਬਾਸਮਤੀ ਕਿਸਮ — ਪੂਸਾ ਬਾਸਮਤੀ 1509 — ਦੇ ਭਾਅ ਭਾਰਤ ਦੀਆਂ ਕਈ ਮੰਡੀਆਂ ਵਿੱਚ ਇਸ ਵਾਰੀ 2020 ਦੇ ਮੁਕਾਬਲੇ ਮਜ਼ਬੂਤ ਦਰਜ ਕੀਤੇ ਗਏ ਹਨ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੀਆਂ ਕਈ ਮੰਡੀਆਂ ਤੋਂ ਪੂਸਾ ਬਾਸਮਤੀ 1509 ਦੀ ਆਮਦ ਦੀ ਖ਼ਬਰ ਮਿਲੀ ਹੈ।

https://agmarknet.gov.in ਪੋਰਟਲ ਦੇ ਅੰਕੜਿਆਂ ਤੋਂ ਪਤਾ ਲੱਗਿਆ ਕਿ ਪੰਜਾਬ, ਹਰਿਆਣਾ, ਐਮ ਪੀ ਅਤੇ ਯੂ ਪੀ ਵਿੱਚ 1 ਤੋਂ 13 ਸਤੰਬਰ ਤੱਕ ਪੂਸਾ ਬਾਸਮਤੀ 1509 ਦੀ ਕੀਮਤ 1,790 ਤੋਂ 2,891 ਰੁਪਏ ਪ੍ਰਤੀ ਕੁਇੰਟਲ ਦੇ ਵਿਚਕਾਰ ਸੀ।

ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ ਦੀ ਪਿਪਲੀ ਮੰਡੀ ਵਿੱਚ 11 ਸਤੰਬਰ ਨੂੰ ਪੂਸਾ ਬਾਸਮਤੀ 1509 ਦਾ ਵੱਧ ਤੋਂ ਵੱਧ ਭਾਅ 2,891 ਰੁਪਏ ਪ੍ਰਤੀ ਕੁਇੰਟਲ ਦਰਜ ਕੀਤਾ ਗਿਆ। ਮੱਧ ਪ੍ਰਦੇਸ਼ ਦੇ ਗਵਾਲੀਅਰ ਜ਼ਿਲ੍ਹੇ ਦੀ ਡਬਰਾ ਮੰਡੀ ਵਿੱਚ ਇਸ ਕਿਸਮ ਦਾ ਘੱਟੋ-ਘੱਟ ਭਾਅ 1,790 ਰੁਪਏ ਪ੍ਰਤੀ ਕੁਇੰਟਲ 2 ਸਤੰਬਰ ਨੂੰ ਦਰਜ ਕੀਤਾ ਗਿਆ।

ਪੰਜਾਬ ਮੰਡੀ ਬੋਰਡ ਤੋਂ ਇਕੱਠੇ ਕੀਤੇ ਗਏ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ 13 ਸਤੰਬਰ ਨੂੰ ਪੂਸਾ ਬਾਸਮਤੀ 1509 ਅੰਮ੍ਰਿਤਸਰ, ਪਟਿਆਲਾ, ਸੰਗਰੂਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਕ੍ਰਮਵਾਰ 2,500-2,790 ਰੁਪਏ ਪ੍ਰਤੀ ਕੁਇੰਟਲ, 2,400-2,780 ਰੁਪਏ ਪ੍ਰਤੀ ਕੁਇੰਟਲ 2,500-2,750 ਰੁਪਏ ਪ੍ਰਤੀ ਕੁਇੰਟਲ ਅਤੇ 2,500-2,645 ਰੁਪਏ ਪ੍ਰਤੀ ਕੁਇੰਟਲ ਦੇ ਦਰਮਿਆਨ ਵਿਕੀ।

ਵਪਾਰੀਆਂ ਨੇ ਦੱਸਿਆ ਕਿ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਵਿੱਚ ਪੂਸਾ ਬਾਸਮਤੀ 1509 ਦਾ ਭਾਅ 13 ਸਤੰਬਰ ਨੂੰ 2,400-2,890 ਰੁਪਏ ਪ੍ਰਤੀ ਕੁਇੰਟਲ ਦੇ ਦਾਇਰੇ ਵਿੱਚ ਸੀ। ਯੂ ਪੀ ਦੀ ਅਲੀਗੜ੍ਹ ਮੰਡੀ ਵਿੱਚ ਇਹ ਸਤੰਬਰ ਨੂੰ 2,200-,2350 ਰੁਪਏ ਪ੍ਰਤੀ ਕੁਇੰਟਲ ਦੇ ਵਿਚਕਾਰ ਵਿਕੀ।

ਇਸ ਵਾਰੀ ਪੂਸਾ ਬਾਸਮਤੀ 1509 ਦੇ ਭਾਅ 2020 ਦੇ ਮੁਕਾਬਲੇ ਕਰੀਬ 500-700 ਰੁਪਏ ਪ੍ਰਤੀ ਕੁਇੰਟਲ ਵੱਧ ਹਨ। ਪਿਛਲੇ ਸਾਲ, ਪੰਜਾਬ ਅਤੇ ਹਰਿਆਣਾ ਦੀਆਂ ਕਈ ਮੰਡੀਆਂ ਵਿੱਚ ਇਸਦੀ ਕੀਮਤ ਲਗਭਗ 1,600-2,200 ਰੁਪਏ ਪ੍ਰਤੀ ਕੁਇੰਟਲ ਸੀ, ਜਿਸ ਕਾਰਨ ਕਿਸਾਨਾਂ ਵਿੱਚ ਨਮੋਸ਼ੀ ਸੀ।

ਇਸ ਸਾਲ ਪੰਜਾਬ ਅਤੇ ਹਰਿਆਣਾ ਵਿੱਚ ਪੂਸਾ ਬਾਸਮਤੀ 1509 ਦੀ ਵਿਕਰੀ 2,400 ਤੋਂ 2,800 ਰੁਪਏ ਪ੍ਰਤੀ ਕੁਇੰਟਲ ਦੇ ਵਿੱਚ ਹੋ ਰਹੀ ਹੈ। ਵਪਾਰੀਆਂ ਨੇ ਕਿਹਾ ਕਿ ਕਿਸਾਨਾਂ ਨੇ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰੀ ਘੱਟ ਬਾਸਮਤੀ ਲਾਈ ਹੈ।

ਖੇਤੀਬਾੜੀ ਅਤੇ ਪ੍ਰੋਸੈਸਡ ਖੁਰਾਕ ਉਤਪਾਦ ਨਿਰਯਾਤ ਵਿਕਾਸ ਅਥਾਰਟੀ (ਅ ਪੇ ਡਾ) ਦੇ ਅੰਕੜਿਆਂ ਤੋਂ ਪਤਾ ਲੱਗਿਆ ਕਿ ਭਾਰਤ ਨੇ 2020-21 ਵਿੱਚ 46.31 ਲੱਖ ਮੀਟ੍ਰਿਕ ਟਨ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਜਿਨ੍ਹਾਂ ਦਾ ਕੀਮਤ ਸੀ 29,849.39 ਕਰੋੜ ਰੁਪਏ। 2019-20 ਦੌਰਾਨ ਭਾਰਤ ਨੇ 44.54 ਲੱਖ ਮੀਟ੍ਰਿਕ ਟਨ ਬਾਸਮਤੀ ਚੌਲਾਂ ਦੀ ਬਰਾਮਦ ਕੀਤੀ, ਜਿਸਦਾ ਮੁੱਲ 31,025.91 ਕਰੋੜ ਰੁਪਏ ਸੀ।

2020-21 ਮਾਲੀ ਸਾਲ ਦੌਰਾਨ ਭਾਰਤੀ ਬਾਸਮਤੀ ਚੌਲਾਂ ਦੇ ਨਿਰਯਾਤ ਦੇ ਮੁੱਲ ਵਿੱਚ 2019-20 ਦੇ ਮੁਕਾਬਲੇ 1,176 ਕਰੋੜ ਰੁਪਏ ਦੀ ਗਿਰਾਵਟ ਦੇਖੀ ਗਈ ਜਦਕਿ ਕੁੱਲ ਮਾਤਰਾ ਵਿੱਚ 1.77 ਲੱਖ ਮੀਟ੍ਰਿਕ ਟਨ ਦਾ ਵਾਧਾ ਹੋਇਆ।

ਵਿੱਤੀ ਸਾਲ 2019-20 ਦੇ ਮੁਕਾਬਲੇ 2020-21 ਵਿੱਚ ਨਿਰਯਾਤ ਦੀ ਮਾਤਰਾ 3.82% ਵਧੀ ਜਦੋਂ ਕਿ ਵਿਦੇਸ਼ਾਂ ਵਿਚ ਭੇਜੇ ਗਏ ਬਾਸਮਤੀ ਚੌਲਾਂ ਦੀ ਕੀਮਤ ਰੁਪਈਆਂ ਵਿੱਚ ਲਗਭਗ 3.94% ਘਟੀ।